**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ ( ਐ:ਸਿ:) ਪੰਜਾਬ, ਚੰਡੀਗੜ**

**(ਅਮਲਾ-1 ਸ਼ਾਖਾ)**

ਹੁਕਮ ਨੰ:-18/28-18 ਅਮਲਾ-1(1)

ਮਿਤੀ : 27-07-2018

ਸ਼੍ਰੀਮਤੀਰਾਮੇਸ਼ ਰਾਣੀ, ਹੈੱਡ ਟੀਚਰ, ਸ:ਐ:ਸ: ਸੁਭਾਨਾ, ਬਲਾਕ ਈਸਟ-3 (ਜਲੰਧਰ) ਮਿਤੀ 26/04/2018 ਤੋਂ 31/05/2018 ਤੱਕ ਕਮਾਈ ਛੁੱਟੀ ਅਤੇ ਮਿਤੀ 01/06/2018 ਤੋਂ 29/06/2018 ਤੱਕ ਗਰਮੀਆਂ ਦੀਆਂ ਛੁੱਟੀਆਂ ਨਾਲ ਮਿਲਾ ਕੇ ਵਿਦੇਸ਼ ਵਿਦੇਸ਼ ਗਈ ਸੀ। ਪਰ ਇਹ ਟੀਚਰ ਮਿਤੀ 01/07/2018 ਨੂੰ ਭਾਰਤ ਵਾਪਿਸ ਪਰਤੀ ਹੈ ਅਤੇ ਹੁਣ ਇਸ ਵਲੋਂ ਮਿਤੀ 02/07/2018 ਨੂੰ ਦਿੱਤੀ ਗਈ ਪ੍ਰਤੀ ਬੇਨਤੀ ਦੇ ਅਧਾਰ ਤੇ ਮਿਤੀ 02/07/2018 ਤੋਂ ਡਿਊਟੀ ਤੇ ਹਾਜਰ ਹੋਣ ਦੀ ਆਗਿਆ ਦਿੱਤੀ ਜਾਂਦੀ ਹੈ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)**
**ਪੰਜਾਬ, ਮੋਹਾਲੀ।**

ਪਿੱਠ ਅੰਕਣ ਨੰ. ਉਕਤ 6046 ਮਿਤੀ : 30/7/18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਐ:ਸਿ:) ਜਲੰਧਰ ਨੂੰ ਲਿਖਿਆ ਜਾਂਦਾ ਹੈ ਕਿ ਇਸ ਟੀਚਰ ਦੀ ਸੇਵਾ ਪੱਤਰੀ ਵਿਚ ਛੁੱਟੀ ਸਬੰਧੀ ਅੰਦਰਾਜ ਕਰਕੇ ਦਸਤਾਵੇਜੀ ਸਬੂਤ ਇਸ ਦਫਤਰ ਨੂੰ ਭੇਜੇ ਜਾਣ। ਇਸ ਦੇ ਨਾਲ ਹੀ ਹਾਜਰੀ ਰਿਪੋਰਟ ਦੀ ਕਾਪੀ ਵੀ ਇਸ ਦਫਤਰ ਨੂੰ ਭੇਜੀ ਜਾਵੇ।
2. ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਜਲੰਧਰ।
4. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਈਸਟ-3 (ਜਲੰਧਰ) ।
5. ਸਬੰਧਤ ਕਰਮਚਾਰਣ ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ।
6. ਐਮ.ਆਈ.ਐਸ.ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ ਪੰਜਾਬ ਨੂੰ ਵਿਭਾਗ ਦੀ ਸਾਈਟ ਦਾ ਪਾਉਣ ਲਈ

**ਸੁਪਰਡੰਟ (ਅਮਲਾ)**

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

ਹੁਕਮ ਨੰਬਰ:-20/74-2018-ਅਮਲਾ-1(1)

ਮਿਤੀ ਐਸ.ਏ.ਐਸ. ਨਗਰ:- 30/07/2018

ਸ਼੍ਰੀ ਜਰਨੈਲ ਸਿੰਘ, ਈ.ਟੀ.ਟੀ. ਟੀਚਰ, ਸ:ਐ:ਸ: ਸਾਧੋਵਾਲ, ਬਲਾਕ ਗੜ੍ਹ ਸ਼ੰਕਰ-2 (ਹੁਸ਼ਿਆਰਪੁਰ) ਦੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਹੁਕਮ ਨੰਬਰ:-ਪ੍ਰ:ਅ-4/2018/5172-74 ਮਿਤੀ 03/07/2018 ਅਨੁਸਾਰ ਕੀਤੀ ਗਈ ਪ੍ਰਬੰਧਕੀ ਅਧਾਰ ਤੇ ਬਦਲੀ ਰੱਦ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੁਕਮ ਨੰਬਰ:-ਪ੍ਰ/ਅ-4/2018/5246-48 ਮਿਤੀ 06/07/2018 ਅਨੁਸਾਰ ਕੀਤੀ ਗਈ ਆਰਜੀ ਐਡਜੱਸਟਮੈਂਟ ਵੀ ਰੱਦ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਟੀਚਰ ਵਿਰੁੱਧ ਦੋਸ਼ ਸੂਚੀ ਆਦਿ ਜਾਰੀ ਕੀਤੀ ਗਈ ਹੋਵੇ ਤਾਂ ਉਸ ਅਨੁਸਾਰ ਚੱਲਣ ਵਾਲੀ ਕਾਰਵਾਈ ਤੇ ਵੀ ਰੋਕ ਲਗਾਈ ਜਾਂਦੀ ਹੈ। ਇਸ ਟੀਚਰ ਨੂੰ ਉਸ ਦੇ ਪੂਰਵਲੇ ਸਰਕਾਰੀ ਐਲੀਮੈਂਟਰੀ ਸਕੂਲ ਸਾਧੋਵਾਲ, ਬਲਾਕ ਗੜ੍ਹ ਸ਼ੰਕਰ ਵਿਖੇ ਮੁੜ ਤੈਨਾਤ ਕੀਤਾ ਜਾਂਦਾ ਹੈ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ;-ਉਕਤ** 3723

**ਮਿਤੀ ਐਸ.ਏ.ਐਸ. ਨਗਰ:-31/07/2018**

**ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਹੁਕਮਾਂ ਦੀ ਤੁਰੰਤ ਅੱਜ ਹੀ ਪਾਲਣਾ ਕਰਕੇ ਪਾਲਣਾ ਰਿਪੋਰਟ ਅੱਜ ਹੀ ਦਫਤਰ ਛੱਡਣ ਤੋਂ ਪਹਿਲਾਂ ਇਸ ਦਫਤਰ ਨੂੰ ਮੇਲ ਤੇ ਹਰ ਹਾਲਤ ਵਿਚ ਪੇਸ਼ ਕੀਤੀ ਜਾਵੇ।
2. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਭੂੰਗਾ-2 (ਹੁਸ਼ਿਆਰਪੁਰ)।
3. ਸ਼੍ਰੀ ਜਰਨੈਲ ਸਿੰਘ, ਈ.ਟੀ.ਟੀ. ਟੀਚਰ, ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
4. ਐਮ.ਆਈ.ਐਸ ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

**ਸੁਪਰਡੰਟ (ਅਮਲਾ)**